# ਮਾਡਲ ਪ੍ਰਸ਼ਨ ਪੱਤਰ
# ਸੈਕੰਡਰੀ ਪ੍ਰੀਖਿਆ-2024

**ਪ੍ਰੀਖਿਆਰਥੀ ਲਈ ਆਮ ਹਿਦਾਇਤਾਂ :-**

1. ਪ੍ਰੀਖਿਆਰਥੀ ਸਭ ਤੋਂ ਪਹਿਲਾਂ ਆਪਣੇ ਪ੍ਰਸ਼ਨ-ਪੱਤਰ 'ਤੇ ਆਪਣਾ ਰੋਲ ਨੰਬਰ ਜਰੂਰ ਲਿਖਣ।
2. ਸਾਰੇ ਪ੍ਰਸ਼ਨ ਹੱਲ ਕਰਨੇ ਜਰੂਰੀ ਹਨ। ਪ੍ਰਸ਼ਨਾਂ ਦੇ ਅੰਕ ਸਾਹਮਣੇ ਅੰਕਿਤ ਹਨ। ਪ੍ਰਸ਼ਨ 17 ਤੋਂ 23 ਤੱਕ ਆਂਤਰਿਕ ਵਿਕਲਪ ਹਨ।
3. ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ-ਪੁਸਤਿਕਾ 'ਤੇ ਹੀ ਲਿਖੋ। ਜਿੰਨ੍ਹਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਬਰਾਬਰ ਅੰਕ ਵਾਲੇ ਭਾਗ ਹਨ, ਉਨ੍ਹਾਂ ਸਾਰਿਆਂ ਭਾਗਾਂ ਦਾ ਹੱਲ ਇੱਕ ਥਾਂ 'ਤੇ, ਇੱਕ ਹੀ ਤਰਤੀਬ ਵਿੱਚ ਲਿਖੋ।

## <u>ਖੰਡ-ੳ</u>

**1. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪਾਂ ਦੀ ਚੋਣ ਕਰੋ :- 12×1=12**

(i) "ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ॥
ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ॥"

ਉਪਰੋਕਤ ਸਤਰਾਂ ਕਿਸ ਕਵੀ ਦੀਆਂ ਹਨ-

(ੳ) ਭਾਈ ਗੁਰਦਾਸ ਜੀ (ਅ) ਗੁਰੂ ਰਾਮਦਾਸ ਜੀ

(ੲ) ਗੁਰੂ ਅਮਰਦਾਸ ਜੀ (ਸ) ਗੁਰੂ ਨਾਨਕ ਦੇਵ ਜੀ

(ii) 'ਹਾਲੀ ਦਾ ਗੀਤ' ਕਵਿਤਾ ਦਾ ਕਵੀ ਹੈ-

(ੳ) ਧਨੀ ਰਾਮ ਚਾਤ੍ਰਿਕ (ਅ) ਸੁਰਜੀਤ ਪਾਤਰ

(ੲ) ਪ੍ਰੋ. ਮੋਹਨ ਸਿੰਘ (ਸ) ਭਾਈ ਵੀਰ ਸਿੰਘ

(iii) 'ਅੰਮ੍ਰਿਤਾ ਪ੍ਰੀਤਮ' ਦੀ ਕਵਿਤਾ ਹੈ-

(ੳ) ਤਮਗ਼ੇ (ਅ) ਤੈਨੂੰ ਦਿਆਂ ਹੰਝੂਆਂ ਦਾ ਭਾੜਾ

(ੲ) ਸੁੰਨੇ ਸੁੰਨੇ ਰਾਹਾਂ ਵਿੱਚ (ਸ) ਮਾਂ

(iv) "ਸੱਚਿਆਂ ਨੂੰ ਹੁਣ ਮਿਲਦੇ ਧੱਕੇ, ਝੂਠੇ ਕੋਲ ਬਹਾਏ।

ਇਰਾਕੀਆਂ ਨੂੰ ਪਏ ਚਾਬਕ ਪੈਂਦੇ, ਗੱਦੋਂ ਖ਼ੂਦ ਖਵਾਏ।"

ਉਪਰੋਕਤ ਸਤਰਾਂ ਕਿਸ ਕਵਿਤਾ ਵਿੱਚੋਂ ਹਨ–

(ੳ) ਮੂਰਖ ਨੋ ਅਸਵਾਰੀ (ਅ) ਉਲਟੇ ਹੋਰ ਜ਼ਮਾਨੇ ਆਏ
(ੲ) ਬੁੱਲਾ ਕੀ ਜਾਣਾਂ ਮੈਂ ਕੌਣ (ਸ) ਬਸ ਕਰ ਜੀ ਹੁਣ ਬਸ ਕਰ ਜੀ

(v) "ਲਾਗੀਆਂ ਲਾਗ ਲੈ ਲੈਣਾ ਏ, ਪਰਾਈ ਧੀ ਭਾਵੇਂ ਘਰ ਜਾਂਦਿਆਂ ਹੀ ਰੰਡੀ ਬਹਿ ਜਾਏ।"

ਇਹ ਅਖਾਣ ਕਿਹੜੇ ਨਿਬੰਧ ਵਿੱਚ ਵਰਤਿਆ ਗਿਆ ਹੈ–

(ੳ) ਕਿਰਤ (ਅ) ਭਾਈ ਮਰਦਾਨਾ ਜੀ
(ੲ) ਗੰਗਾਦੀਨ (ਸ) ਮਹਾਰਾਜਾ ਗੰਗਾ ਸਿੰਘ

(vi) 'ਰਾਜਸਥਾਨ ਦੇ ਪ੍ਰਸਿੱਧ ਕਿਲ੍ਹੇ' ਨਿਬੰਧ ਰਚਨਾ ਹੈ–

(ੳ) ਹਰਪਾਲ ਸਿੰਘ ਲੱਖੀਆਂ (ਅ) ਹਰਪ੍ਰੀਤ ਕੌਰ
(ੲ) ਪ੍ਰਿੰ. ਸਰਵਣ ਸਿੰਘ (ਸ) ਬਲਜਿੰਦਰ ਸਿੰਘ ਭੁੱਲਰ

(vii) ਕਹਾਣੀਕਾਰ 'ਸੰਤੋਖ ਸਿੰਘ ਧੀਰ' ਦੀ ਰਚਨਾ ਹੈ–

(ੳ) ਖ਼ੂਨ (ਅ) ਦੁੱਧ ਦਾ ਛੱਪੜ
(ੲ) ਸਾਂਝੀ ਕੰਧ (ਸ) ਪਹੁਤਾ ਪਾਂਧੀ

(viii) "ਤੇਰੇ ਬਿਨਾਂ ਬਾਈ, ਮੈਂ ਕਾਹਦੇ ਜੋਗਾਂ...।" ਉਹਦੇ ਬੁਲ੍ਹ ਫਰਕਣ ਲੱਗੇ ਤੇ ਅੱਖਾਂ ਵਿੱਚੋਂ ਪਰਲ–ਪਰਲ ਹੰਝੂਆਂ ਦੀਆਂ ਧਾਰਾਂ ਫੁੱਟ ਪਈਆਂ।
ਇਹ ਵਾਕ ਕਿਸ ਪਾਤਰ ਦੇ ਹਨ–

(ੳ) ਕਪੂਰ ਸਿੰਘ (ਅ) ਕਰਤਾਰਾ
(ੲ) ਸਰਪੰਚ (ਸ) ਦਰਬਾਰਾ ਸਿੰਘ

(ix) 'ਕੰਡਾ ਚੁੱਭਣ ਕਰ ਕੇ ਪੈਰ ਵਿੱਚੋਂ ਚੀਸਾਂ ਨਿਕਲ ਰਹੀਆਂ ਹਨ।'

ਉਪਰੋਕਤ ਵਾਕ ਵਿੱਚ ਆਏ ਬਹੁ–ਅਰਥਕ ਸ਼ਬਦ 'ਕੰਡਾ' ਦਾ ਸਹੀ ਅਰਥ ਹੈ–

(ੳ) ਮਾਵਾ (ਅ) ਮੱਛੀ ਦੀ ਹੱਡੀ
(ੲ) ਸੂਲ (ਸ) ਤੱਕੜੀ

(x) 'ਅਮੀਰ' ਸ਼ਬਦ ਦਾ ਸਮਾਨਾਰਥਕ ਸ਼ਬਦ ਚੁਣੋ–

(ੳ) ਗਰੀਬ (ਅ) ਫ਼ਕੀਰ

(ੲ) ਵਪਾਰੀ (ਸ) ਧਨਾਢ

(xi) 'ਬਲਵਾਨ' ਸ਼ਬਦ ਦਾ ਸਹੀ ਵਿਰੋਧੀ ਸ਼ਬਦ ਹੈ-

(ੳ) ਬਹਾਦਰ (ਅ) ਬਲਹੀਣ

(ੲ) ਤਾਕਤਵਰ (ਸ) ਨਿਡਰ

(xii) ਦੰਤੀ ਵਿਅੰਜਨ ਹੈ-

(ੳ) ਪ,ਫ,ਬ,ਮ (ਅ) ਟ,ਠ,ਡ,ਣ

(ੲ) ਚ,ਛ,ਜ,ਸ਼ (ਸ) ਤ,ਥ,ਦ,ਨ

**2. ਹੇਠ ਲਿਖੀਆਂ ਖਾਲੀ ਥਾਂਵਾਂ ਭਰੋ:-** **6×1=6**

(i) ਫਰੀਦਾ ਗਲੀਏ ਚਿਕੜੁ ਦੂਰਿ ਘਰੁ..........................॥

(ii) ਦੇਖ ਪਰਾਈਆਂ ਚੰਗੀਆਂ....................................॥

(iii) .......................... ਨੂੰ ਕਿਤੋਂ ਕਬਰਾਂ ਵਿੱਚੋਂ ਬੋਲ।

(iv) " ਤੁਸੀਂ ਖ਼ੁਦਾ ਦੇ ਡੂੰਮ ਹੋ, ..................................।"

(v) "ਆਪਾਂ ਕਹਾਂਗੇ ਅਸੀਂ ਤਾਂ.......................ਆਂ, ਸਾਨੂੰ ਨਾ ਫੜ।"

(vi) "ਬੱਸ ਲੱਤ ਚੁੱਕ ਕੇ ........................ਤੇ, ਤੇ ਗੜ੍ਹਵਾ ਮੂਧਾ ਹੋ ਗਿਆ।"

**3. ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ:-** **12×1=12**

(i) 'ਮਨ ਤੂੰ ਜੋਤਿ ਸਰੂਪੁ ਹੈ' ਸ਼ਬਦ ਕਿਸ ਗੁਰੂ ਸਾਹਿਬਾਨ ਦੀ ਰਚਨਾ ਹੈ?

(ii) ਲਾਵਾਂ (ਰਾਗ ਸੂਹੀ) ਅਨੁਸਾਰ ਵਡਭਾਗੀ ਮਨੁੱਖ ਕੌਣ ਹਨ?

(iii) ਮੀਆਂ ਵਜੀਦ ਨੇ ਕਿਹੜੇ ਦੋ ਹੰਕਾਰੀ ਮਨੁੱਖਾਂ ਦੀ ਦੁਰਦਸ਼ਾ ਦਾ ਇਤਿਹਾਸਕ ਹਵਾਲਾ ਦਿੱਤਾ ਹੈ?

(iv) 'ਕਿੱਕਰ' ਕਵਿਤਾ ਵਿੱਚ ਕਿੱਕਰ ਦੀ ਨਿਰਾਸਤਾ ਦਾ ਕੀ ਕਾਰਨ ਹੈ?

(v) ਕਵੀ ਬਦੇਸ਼ਾਂ 'ਚ ਜਾਣ ਵਾਲੇ ਲੋਕਾਂ ਦੇ ਕਿਹੜੇ ਦੁੱਖ ਦਾ ਜ਼ਿਕਰ ਕਰਦਾ ਹੈ?

(vi) ਮਿਲਖਾ ਸਿੰਘ ਏਸ਼ੀਆ ਦਾ ਬੈਸਟ ਐਥਲੀਟ ਕਦੋਂ ਬਣਿਆ?

(vii) ਗੰਗਾਦੀਨ ਕੀ ਕੰਮ ਕਰਦਾ ਸੀ?

(viii) ਗੱਡੀ ਦਾ ਡੱਬਾ ਭਾਂ-ਭਾਂ ਕਿਉਂ ਕਰਨ ਲੱਗ ਪਿਆ ਸੀ?

(ix) 'ਸਾਂਝੀ ਕੰਧ' ਦਾ ਝਗੜਾ ਕਿੰਨਾ ਵਿਚਕਾਰ ਸੀ?

(x) ਪੰਜਾਬੀ ਭਾਸ਼ਾ ਦੀਆਂ ਧੁਨੀਆਂ ਕਿੰਨੇ ਪ੍ਰਕਾਰ ਦੀਆਂ ਹਨ?

(xi) 'ੳ' (ਊੜਾ) ਅੱਖਰ ਨਾਲ ਕਿਹੜੀ-ਕਿਹੜੀ ਲਗ ਲੱਗਦੀ ਹੈ?

(xii) ਪੰਜਾਬੀ ਭਾਸ਼ਾ ਦੇ ਟਕਸਾਲੀ ਰੂਪ ਨੂੰ ਨਿਸ਼ਚਿਤ ਕਰਨ ਲਈ ਕਿਹੜੀ ਉਪਭਾਸ਼ਾ ਨੂੰ ਆਧਾਰ ਬਣਾਇਆ ਗਿਆ ਹੈ?

## ਖੰਡ-ਅ

**(4-8) ਉਪਰੋਕਤ ਪੈਰ੍ਹੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ:- 5×2=10**

ਮਿੱਤਰਤਾ ਹੀ ਜ਼ਿੰਦਗੀ ਦੀ ਉਚਾਈ ਦਾ ਨਾਪ ਹੈ। ਮਿੱਤਰ ਬਣਨ ਲਈ ਬੜੀਆਂ ਕੋਮਲ ਸਿਫ਼ਤਾਂ ਚਾਹੀਦੀਆਂ ਹਨ। ਮਿੱਤਰਤਾ ਜ਼ਿੰਦਗੀ ਦਾ ਅਤਿ ਸੋਹਣਾ ਦ੍ਰਿਸ਼ ਹੈ। ਮਿੱਤਰ ਲਈ ਕੁਰਬਾਨ ਹੋ ਜਾਣ ਨਾਲੋਂ ਪ੍ਰੇਰਨਾ ਭਰੀ, ਮਨ ਸ਼ੁੱਧ ਕਰਨ ਵਾਲੀ ਘਟਨਾ, ਘਟ ਹੀ ਕੋਈ ਹੋਰ ਖਿਆਲ ਕੀਤੀ ਜਾ ਸਕਦੀ ਹੈ। ਗਾਹਕ ਨੂੰ ਮਿੱਤਰ ਬਣਾਓ, ਗੁਆਂਢੀ ਨੂੰ ਮਿੱਤਰ ਬਣਾਓ, ਮਾਤਹਿਤ ਨੂੰ ਮਿੱਤਰ ਬਣਾਓ, ਜਿਸ ਨਾਲ ਤੁਹਾਡਾ ਵਾਹ ਪੈਂਦਾ ਹੈ। ਜਦੋਂ ਤੱਕ ਤੁਸੀਂ ਉਸ ਨੂੰ ਆਪਣਾ ਮਿੱਤਰ ਬਣਾਉਣ ਵਿੱਚ ਕਾਮਯਾਬ ਨਹੀਂ ਹੁੰਦੇ, ਤੁਹਾਡਾ ਤੌਖਲਾ ਦੂਰ ਨਹੀਂ ਹੋਵੇਗਾ। ਸਭ ਡਰ, ਸਭ ਸਹਿਮ, ਸਭ ਝੋਰੇ ਇਸ ਲਈ ਹਨ ਕਿ ਦੂਜੀ ਧਿਰ ਦੀ ਮਿੱਤਰਤਾ ਦਾ ਯਕੀਨ ਨਹੀਂ ਹੁੰਦਾ। ਮਿੱਤਰਾਂ ਸਾਹਮਣੇ ਸਾਡੀ ਜ਼ੁਬਾਨ ਵੀ ਸਾਫ਼ ਤੁਰਦੀ ਹੈ, ਸਾਨੂੰ ਅਕਲਾਂ ਵੀ ਸੁੱਝਦੀਆਂ ਹਨ। ਪਰ ਜਦੋਂ ਦੂਜੀ ਧਿਰ ਦੀ ਮਿੱਤਰਤਾ ਦਾ ਸ਼ੱਕ ਹੁੰਦਾ ਹੈ, ਉੱਥੇ ਹੀ ਸਾਡੀ ਜ਼ਬਾਨ ਥਿੜਕ ਜਾਂਦੀ ਹੈ।

4. ਉਪਰੋਕਤ ਪੈਰ੍ਹੇ ਦਾ ਢੁਕਵਾਂ ਸਿਰਲੇਖ ਲਿਖੋ।
5. ਮਿੱਤਰਤਾ ਨੂੰ ਕਿਸ ਦੀ ਉਚਾਈ ਦਾ ਨਾਪ ਕਿਹਾ ਗਿਆ ਹੈ?
6. ਮਨੁੱਖ ਨੂੰ ਕਿਸ-ਕਿਸ ਨੂੰ ਮਿੱਤਰ ਬਣਾਉਣ ਦੀ ਲੋੜ ਵਧੇਰੇ ਪੈਂਦੀ ਹੈ?
7. ਸਾਡੀ ਜ਼ਬਾਨ ਕਦੋਂ ਥਿੜਕਣ ਲੱਗਦੀ ਹੈ?
8. ਔਖੇ ਸ਼ਬਦਾਂ ਦੇ ਅਰਥ ਲਿਖੋ:-
   ਕੋਮਲ, ਮਾਤਹਿਤ, ਝੋਰੇ, ਕਾਮਯਾਬ।

**(9-16) ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ:- 8×2=16**

9. 'ਉੱਦਮ' ਅਤੇ 'ਨਿਰਮਲ' ਸ਼ਬਦਾਂ ਦੇ ਦੋ-ਦੋ ਸਮਾਨਾਰਥਕ ਸ਼ਬਦ ਲਿਖੋ।
10. ਹੇਠ ਲਿਖੇ ਬਹੁ-ਅਰਥਕ ਸ਼ਬਦਾਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋਂ ਕਿ ਹਰ ਇੱਕ ਦੇ ਦੋ-ਦੋ ਵੱਖਰੇ ਅਰਥ ਸਪਸ਼ਟ ਹੋ ਜਾਣ-
    ਸਿੱਟਾ, ਫੁੱਲ।
11. ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ:-
    ਆਧੁਨਿਕ,ਸੁਲੱਖਣਾ,ਹਮਾਇਤ,ਪਲੀਤ।

12.‘ਦੁਆਬੀ’ ਉਪਬੋਲੀ ਬੋਲਣ ਵਾਲੇ ਚਾਰ ਜ਼ਿਲ੍ਹਿਆਂ ਦੇ ਨਾਂ ਲਿਖੋ।

13.‘ਬੋਲੀ ਹੈ ਪੰਜਾਬੀ ਸਾਡੀ’ ਕਾਵਿ-ਰਚਨਾ ਕੀ ਸੁਨੇਹਾ ਦਿੰਦੀ ਹੈ?

14.‘ਜੇ ਸਕਤਾ ਸਕਤੇ ਕਉ ਮਾਰੇ ਤਾਂ ਮਨਿ ਰੋਸੁ ਨ ਹੋਈ’ ਕਾਵਿ-ਤੁਕ ਤੋਂ ਕੀ ਭਾਵ ਹੈ?

15. ਲਾਲ ਤੇ ਦਿਆਲ ਕਿਹੜੀ ਗੱਲ ਕਾਰਨ ਅੱਡਰੇ ਹੋਏ?

16. ਮਿਲਖਾ ਸਿੰਘ ਨੂੰ ਕਿਹੜੇ-ਕਿਹੜੇ ਨਾਂ ਨਾਲ ਉਪਮਾ ਦਿੱਤੀ ਜਾਂਦੀ ਹੈ?

## ਖੰਡ-ੲ

**(17-20) ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ:-** **4×3=12**

17. ‘ਸੁੰਨੇ-ਸੁੰਨੇ ਰਾਹਾਂ ਵਿੱਚ’ ਕਵਿਤਾ ਦਾ ਸਾਰ ਲਿਖੋ।

ਜਾਂ

ਲਾਵਾਂ (ਰਾਗ ਸੂਹੀ) ਬਾਣੀ ਗੁਰਸਿੱਖਾਂ ਵਾਸਤੇ ਕਿਹੜਾ ਦਰਜਾ ਰੱਖਦੀ ਹੈ? ਅਤੇ ਇਸ ਦੀ ਬਰਕਤ ਤੋਂ ਜਾਣੂ ਕਰਵਾਓ।

18.‘ਮਹਾਰਾਜਾ ਗੰਗਾ ਸਿੰਘ’ ਜਾਂ ‘ਕਿਰਤ’ ਨਿਬੰਧ ਦਾ ਸਾਰ ਲਿਖੋ।

19. ਗੰਗਾਦੀਨ ਦੇ ਸੁਭਾਅ ਦੀ ਵਿਸਥਾਰ ਪੂਰਵਕ ਜਾਣ-ਪਛਾਣ ਕਰਵਾਓ।

ਜਾਂ

ਚਿਤੌੜ ਅਤੇ ਜੈਸਲਮੇਰ ਦੇ ਕਿਲ੍ਹੇ ਦੀ ਵਿਸਥਾਰਪੂਰਵਕ ਜਾਣਕਾਰੀ ਦਿਓ।

20. ‘ਪੇਮੀ ਦੇ ਨਿਆਣੇ’ ਕਹਾਣੀ ਦਾ ਸੰਖੇਪ ਸਾਰ ਲਿਖੋ।

ਜਾਂ

ਕਰਤਾਰੇ ਦੀ ਪਾਤਰ ਉਸਾਰੀ ਕਰੋ।

## ਖੰਡ-ਸ

**(21-23) ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ:-** **3×4=12**

21. ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ॥
ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ॥
ਜਿੰਦੁ ਨਿਮਾਣੀ ਕਢੀਐ ਹਡਾ ਕੁ ਕੜਕਾਇ॥
ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ॥
ਜਿੰਦੁ ਵਹੁਟੀ ਮਰਣੁ ਵਰ ਲੈ ਜਾਸੀ ਪਰਣਾਇ॥

(ੳ) ਉਪਰੋਕਤ ਕਾਵਿ-ਬੰਦ ਦਾ ਪ੍ਰਸੰਗ ਲਿਖੋ।

(ਅ) ਉਪਰੋਕਤ ਕਾਵਿ-ਬੰਦ ਦੀ ਸਰਲ ਵਿਆਖਿਆ ਕਰੋ।

(ੲ) ਕਵੀ ਅਨੁਸਾਰ ਜਿੰਦ ਰੂਪੀ ਵਹੁਟੀ ਨੂੰ ਕੌਣ ਪਰਣਾਇ ਕੇ ਲੈ ਜਾਂਦਾ ਹੈ?

(ਸ) ਔਖੇ ਸ਼ਬਦਾਂ ਦੇ ਅਰਥ ਲਿਖੋ:
ਧਨ,ਮਲਕੁ,ਪਰਣਾਇ,ਨਿਮਾਣੀ।

**ਜਾਂ**

ਕੁਝ ਰੁੱਖ ਮੈਨੂੰ ਪੁੱਤ ਲਗਦੇ ਨੇ
ਕੁਝ ਰੁੱਖ ਲਗਦੇ ਮਾਂਵਾਂ
ਕੁਝ ਰੁੱਖ ਨੂੰਹਾਂ ਧੀਆਂ ਲਗਦੇ
ਕੁਝ ਰੁੱਖ ਵਾਂਗ ਭਰਾਵਾਂ
ਕੁਝ ਰੁੱਖ ਮੇਰੇ ਬਾਬੇ ਵਾਕਣ
ਪੱਤਰ ਟਾਂਵਾਂ ਟਾਂਵਾਂ
ਕੁਝ ਰੁੱਖ ਮੇਰੀ ਦਾਦੀ ਵਰਗੇ
ਚੂਰੀ ਪਾਵਣ ਕਾਂਵਾਂ।

(ੳ) ਉਪਰੋਕਤ ਕਾਵਿ-ਬੰਦ ਦਾ ਪ੍ਰਸੰਗ ਲਿਖੋ।

(ਅ) ਉਪਰੋਕਤ ਕਾਵਿ-ਬੰਦ ਦੀ ਸਰਲ ਵਿਆਖਿਆ ਕਰੋ।

(ੲ) ਕਵੀ ਬੰਦ ਵਿੱਚ ਕਵੀ ਕਿਹੜੇ-ਕਿਹੜੇ ਮਨੁੱਖੀ ਰਿਸ਼ਤਿਆਂ ਦੀ ਗੱਲ ਕਰਦਾ ਹੈ?

(ਸ) ਔਖੇ ਸ਼ਬਦਾਂ ਦੇ ਅਰਥ ਲਿਖੋ:-
ਵਾਕਣ,ਟਾਂਵਾਂ-ਟਾਂਵਾਂ,ਬਾਬੇ,ਪੱਤਰ।

22. ਤੁਹਾਡੇ ਇਲਾਕੇ ਦੇ ਬੈਂਕ ਦਾ ਏ.ਟੀ.ਐੱਮ. ਅਕਸਰ ਖਰਾਬ ਰਹਿੰਦਾ ਹੈ, ਸੰਬੰਧਤ ਬੈਂਕ ਮੈਨੇਜਰ ਨੂੰ ਇਸ ਸਮੱਸਿਆ ਸੰਬੰਧੀ ਸ਼ਿਕਾਇਤ ਕਰੋ।

ਜਾਂ

ਤੁਹਾਡੇ ਫੁੱਫੜ ਜੀ ਨੇ ਤੁਹਾਡੇ ਜਨਮ ਦਿਨ 'ਤੇ ਕੋਈ ਤੋਹਫਾ ਭੇਜਿਆ ਹੈ। ਚਿੱਠੀ ਰਾਹੀਂ ਉਹਨਾਂ ਦਾ ਧੰਨਵਾਦ ਕਰੋ।

23. ਕਿਸੇ ਇੱਕ ਵਿਸ਼ੇ ਉੱਪਰ ਲੇਖ ਲਿਖੋ :-

ਰਾਬਿੰਦਰ ਨਾਥ ਟੈਗੋਰ

ਜਾਂ

ਸਮਾਜ ਵਿੱਚ ਬਜ਼ੁਰਗਾਂ ਦਾ ਸਥਾਨ

ਜਾਂ

ਬੇਰੁਜ਼ਗਾਰੀ

**-0-**